
رمضان كريم
RAMADAN KAREEM
ALOO TIKKI
Haldiram's
Lachha
PUNJABI SAMOSA
FRESH PANEER
Enjoy your Sehri & Iftar
with Haldiram's
Reshmi's Group
HALDIRAM'S EXCLUSIVE PARTNER
1120 ANDOVER PARK E. TUKWILA, WA 98188 ★ (206) 575-0050 ★ WWW.RESHMISGROUP.COM


RINGS
CHAINS
WATCHES
MANGALSUTRAS
JHUMKAS & TIKAS
BABY JEWELRY
BRACELETS,
BANGLES
KADAS
CASH FOR GOLD
TRADE YOUR OLD GOLD FOR NEW JEWELRY
ਸੋਨੇ ਬਦਲੇ ਡਾਲਰ ਲਉ
ਸਾਡੀਆਂ ਕੀਮਤਾਂ ਬਹੁਤ ਘੱਟ ਹਨ
TAJ JEWELERS
ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ
UNIQUELY DESIGNED 22KT GOLD JEWELRY
WE SELL FOR LESS
JEWELLERY
ਤਾਜ਼ ਜਿਊਲਰਜ਼
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
BETTER PRICE IF YOU ARE BUYING MORE THAN 150gm
Ph:253-981-3071
10120 SE 260th St. Suite 110-111, Kent, WA 98030
Open: 7 Days Tuesday to Saturday 11am to 7pm, Sun&Mon 12pm to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲ੍ਹਦੇ ਹਾਂ

# ਅਮਰੀਕਾ 'ਚ 11 ਬੈਂਕਾਂ ਨੇ 30 ਅਰਬ ਡਾਲਰ ਦਾ ਪੈਕੇਜ ਦੇ ਕੇ ਫਸਟ ਰਿਪਬਲਿਕ ਬੈਂਕ ਨੂੰ ਡੁੱਬਣ ਤੋਂ ਬਚਾਇਆ

ਨਿਊਯਾਰਕ:-ਅਮਰੀਕਾ ਦੇ 11 ਸਭ ਤੋਂ ਵੱਡੇ ਬੈਂਕਾਂ ਨੇ ਫਸਟ ਰਿਪਬਲਿਕ ਬੈਂਕ ਲਈ 30 ਅਰਬ ਡਾਲਰ ਦੇ ਰਾਹਤ ਪੈਕੇਜ ਦਾ ਐਲਾਨ ਕੀਤਾ। ਇਸ ਕਦਮ ਦਾ ਉਦੇਸ਼ ਬੈਂਕਿੰਗ ਖੇਤਰ ਵਿੱਚ ਚੱਲ ਰਹੇ ਸੰਕਟ ਨੂੰ ਹੋਰ ਡੂੰਘਾ ਹੋਣ ਤੋਂ ਰੋਕਣਾ ਹੈ, ਜੇ ਮਦਦ ਨਾ ਹੁੰਦੀ ਤਾਂ ਫਸਟ ਰਿਪਬਲਿਕ ਬੈਂਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਫੇਲ੍ਹ ਹੋਣ ਵਾਲਾ ਤੀਜਾ ਬੈਂਕ ਬਣ ਜਾਂਦਾ। ਫਸਟ ਰਿਪਬਲਿਕ ਬੈਂਕ ਵੀ ਉਸੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਜਿਵੇਂ ਕਿ ਸਿਲੀਕਾਨ ਵੈਲੀ ਬੈਂਕ ਤੇ ਉਸ ਦੇ ਗਾਹਕ।


Complete Dental Care

New & Emergency Patients Welcome




-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry

ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA

Flyus travels

Flyus Travels

25414-104th Ave SE Kent WA 98030




Services: Visa, Notary, Air ticketing, Tour packages, Car rental and other travel related services
Office: USA: WA 98030, United States   Australia: Eglington, WA 6034, Australia   India: Punjab 160071, India

# ਕੈਨੇਡਾ ਵਿਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਦਾ ਸਿੱਖ ਸੁਸਾਇਟੀਆਂ ਨੇ ਲਿਆ ਨੋਟਿਸ

ਸਰੀ:- ਬ੍ਰਿਟਿਸ਼ ਕੋਲੰਬੀਆ ਗੁਰਦੁਆਰਾਜ਼ ਕੌਂਸਲ (ਬੀਸੀਜੀਸੀ) ਅਤੇ ਓਨਟਾਰੀਓ ਗੁਰਦੁਆਰਾ ਕਮੇਟੀ (ਓਜੀਸੀ) ਨੇ ਸਾਂਝੇ ਤੌਰ 'ਤੇ ਇੱਕ ਜਨਤਕ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਕੈਨੇਡਾ ਵਿੱਚ ਭਾਰਤੀ ਵਿਦੇਸ਼ੀ ਦਖਲਅੰਦਾਜ਼ੀ ਅਤੇ ਗੁਪਤ ਗਤੀਵਿਧੀਆਂ ਨੂੰ ਦਰਜ ਕੀਤਾ ਗਿਆ ਹੈ। ਵਿਸਤ੍ਰਿਤ ਖਾਤਿਆਂ ਵਿੱਚ ਕੈਨੇਡੀਅਨ ਮੀਡੀਆ ਸਰੋਤਾਂ, ਸਰਕਾਰੀ ਅਧਿਕਾਰੀਆਂ, ਅਤੇ ਸੁਰੱਖਿਆ ਏਜੰਸੀਆਂ ਦਾ ਵਿਆਪਕ ਤੌਰ 'ਤੇ ਹਵਾਲਾ ਦਿੱਤਾ ਗਿਆ ਹੈ ਜੋ ਦਰਸਾਉਂਦੇ ਹਨ ਕਿ ਭਾਰਤੀ ਖੁਫੀਆ ਏਜੰਸੀਆਂ ਅਤੇ ਡਿਪਲੋਮੈਟਾਂ ਨੇ ਕੈਨੇਡੀਅਨ ਮੀਡੀਆ ਆਊਟਲੈਟਾਂ, ਦੇਸ਼ ਭਰ ਵਿੱਚ ਚੋਣ ਪ੍ਰਕਿਰਿਆਵਾਂ, ਅਤੇ ਨਾਲ ਹੀ ਕਈ ਚੁਣੇ ਹੋਏ ਲੋਕਾਂ ਨਾਲ ਰਾਬਤਾ ਬਣਾਇਆ ਹੈ। ਹਾਲਾਂਕਿ ਵਿਦੇਸ਼ੀ ਦਖਲਅੰਦਾਜ਼ੀ ਦੇ ਸੰਦਰਭ ਵਿੱਚ ਚੀਨ ਅਤੇ ਰੂਸ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਇਹ ਲਾਜ਼ਮੀ ਹੈ ਕਿ ਕੈਨੇਡਾ ਸਰਕਾਰ ਭਾਰਤ ਵਰਗੇ ਕਥਿਤ ਸਹਿਯੋਗੀ ਦੇਸ਼ਾਂ ਵੱਲ ਵੀ ਧਿਆਨ ਦੇਵੇ, ਜੋ ਆਪਣੀਆਂ ਨੀਤੀਆਂ ਅਤੇ ਆਪਣੇਂ ਹਿਤਾਂ ਲਈ ਕੈਨੇਡਾ ਵਿੱਚ ਸਰਗਰਮੀ ਨਾਲ ਕੋਸ਼ਿਸ਼ ਕਰਦੇ ਹਨ। ਵਿਸ਼ੇਸ਼ ਤੌਰ 'ਤੇ ਭਾਰਤੀ ਅਧਿਕਾਰੀ ਪ੍ਰਗਟਾਵੇ ਦੀ ਅਜ਼ਾਦੀ ਨੂੰ ਅਪਰਾਧਿਕ ਬਣਾਉਣ ਲਈ ਆਪਣੇਂ ਸਮਰਥਕਾਂ ਰਾਹੀਂ ਸੁਝਾਅ ਅਤੇ ਭੜਕਾਊ ਜਨਤਕ ਬਿਆਨ ਦਿਵਾਉਂਦੇ ਰਹਿੰਦੇ ਹਨ।







# ਉਸੀ ਨੇ ਆਗ ਲਗਾਈ ਹੈ ਸਾਰੀ ਬਸਤੀ ਮੇਂ, ਵਹੀ ਯੇਹ ਪੂਛ ਰਹਾ ਹੈ ਕਿ ਮਾਜਰਾ ਕਿਆ ਹੈ?



ਜਦ ਇਨਸਾਨ ਦਾ ਵਜੂਦ ਬੇਨਕਾਬ ਹੋ ਜਾਂਦਾ ਹੈ ਤਾਂ ਉਸ ਦਾ ਵਜੂਦ ਤੇ ਜ਼ੁਬਾਨ ਲੜਖੜਾਉਣ ਲੱਗ ਪੈਂਦੇ ਹਨ ਪਰ ਜੇ ਭਾਸ਼ਾ ਹੀ ਬਦਲ ਜਾਵੇ ਤਾਂ ਉਹ ਮੁਕੰਮਲ ਰੂਪ ਵਿਚ ਉਲਝਿਆ ਹੋਇਆ, ਸਿਰੇ ਦਾ ਝੂਠਾ ਅਤੇ ਖ਼ੁਦ ਦੇ ਕਾਬੂ ਤੋਂ ਬਾਹਰ ਹੋਇਆ ਪ੍ਰਤੀਤ ਹੁੰਦਾ ਹੈ। ਜਦ ਅੰਗਰੇਜ਼ੀ ਨਾ ਜਾਣਨ ਵਾਲਾ ਵਿਅਕਤੀ ਕਿਸੇ ਅੰਗਰੇਜ਼ ਨਾਲ ਅੰਗਰੇਜ਼ੀ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਕਈ ਬਾਰ ਅੰਗਰੇਜ਼ੀ ਲਫ਼ਜ਼ਾਂ ਦੀ ਬਜਾਏ ਹਿੰਦੀ ਬੋਲਣੀ ਆਰੰਭ ਕਰ ਦਿੰਦਾ ਹੈ। ਕਈ ਪਛੜੇ ਖੇਤਰ ਵਿਚ ਰਹਿੰਦੇ ਲੋਕ ਸ਼ਹਿਰਾਂ ਵਿਚ ਜਾ ਕੇ ਨਵੇਂ ਲੋਕਾਂ ਨੂੰ ਵੇਖ ਕੇ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦੇ ਹਨ। ਉਹ ਹਿੰਦੀ ਕਿਹੋ ਜਿਹੀ ਬੋਲਦੇ ਹਨ, ਇਹ ਸਾਨੂੰ ਸਭ ਨੂੰ ਪਤਾ ਹੈ। ਅਸਲ ਵਿਚ ਉਹ ਅਪਣੇ ਕੰਟਰੋਲ ਤੋਂ ਬਾਹਰ ਹੋ ਜਾਂਦੇ ਹਨ। ਸਾਡੇ ਹੁਕਮਰਾਨ ਦੀ ਹਾਲਤ ਵੀ ਕੁੱਝ ਇਸੇ ਤਰ੍ਹਾਂ ਦੀ ਹੈ। ਉਸ ਦਾ ਰਿਮੋਟ ਕੰਟਰੋਲ ਵੀ ਕਿਸੇ ਹੋਰ ਦੇ ਹੱਥ ਵਿਚ ਹੈ। ਘਬਰਾਹਟ, ਲੜਖੜਾਈ ਜ਼ੁਬਾਨ ਸਾਨੂੰ ਬਹੁਤ ਕੁੱਝ ਆਖ ਗਈ ਹੈ। ਚਾਰ ਦਿਨਾਂ ਦੀ ਲੰਬੀ ਚੁੱਪ ਤੋਂ ਬਾਅਦ ਜਦ ਸਾਡੇ ਹੁਕਮਰਾਨ ਨੇ ਲਾਈਵ ਹੋ ਕੇ ਵੀਡੀਉ ਰਿਕਾਰਡ ਕੀਤੀ ਤਾਂ ਉਸ ਨੇ ਮਾਂ ਦੀ ਬਜਾਏ ਮਾਸੀ ਦਾ ਸਹਾਰਾ ਲਿਆ। ਇੰਝ ਜਾਪ ਰਿਹਾ ਸੀ ਜਿਵੇਂ ਉਸ ਦੀ ਮਾਂ-ਬੋਲੀ ਨੂੰ ਕਿਸੇ ਨੇ ਅਗ਼ਵਾ ਕਰ ਲਿਆ ਹੋਵੇ ਤੇ ਉਸ ਨੇ ਗੁਆਂਢੀ ਦੀ ਮਾਂ ਨੂੰ ਮਾਂ ਆਖ ਦਿਤਾ ਹੋਵੇ। ਜ਼ੁਲਮ, ਅਤਿਆਚਾਰ ਅਤੇ ਜ਼ਿਆਦਤੀ ਦੀ ਭਾਸ਼ਾ ਇਸ ਦੇਸ਼ ਵਿਚ ਅੰਗਰੇਜ਼ੀ ਰਹੀ ਹੈ ਪਰ ਇਹ ਪਹਿਲੀ ਬਾਰ ਹੋਇਆ ਹੈ ਕਿ ਇਕ ਪੰਜਾਬੀ ਮੁੱਖ ਮੰਤਰੀ ਨੇ ਪੰਜਾਬੀ ਦੀ ਬਜਾਏ, ਹਿੰਦੀ ਭਾਸ਼ਾ ਵਿਚ ਪੰਜਾਬੀਆਂ ਨੂੰ ਸੰਬੋਧਨ ਕੀਤਾ। ਉਸ ਨੇ ਓਪਰੇਪਣ, ਪਰਾਏਪਣ ਅਤੇ ਪੰਜਾਬੀਆਂ ਤੋਂ ਦੂਰੀਆਂ ਦਾ ਸੰਦੇਸ਼ ਦਿਤਾ ਹੈ। ਉਸ ਦਾ ਦਿਲ ਤਾਂ ਜਾਣ ਚੁੱਕਾ ਹੈ ਕਿ ਉਹ ਅਪਣੇ ਪੰਜਾਬੀ ਲੋਕਾਂ ਲਈ ਨਹੀਂ ਬਲਕਿ ਕਿਸੇ ਹੋਰ ਦੀ ਕਠ-ਪੁਤਲੀ ਬਣ ਕੇ, ਕਿਸੇ ਹੋਰ ਲਈ ਹੀ ਕੰਮ ਕਰ ਰਿਹਾ ਹੈ। ਉਹ ਸ਼ਾਇਦ ਪੰਜਾਬੀਆਂ ਦੀ ਬਜਾਏ, ਯਮੁਨਾ ਪਾਰ ਦੇ ਲੋਕਾਂ ਦਾ ਜ਼ਿਆਦਾ ਖ਼ਿਆਲ ਰੱਖਣਾ ਚਾਹੁੰਦਾ ਹੈ, ਉਨ੍ਹਾਂ ਅੱਗੇ ਖ਼ੁਦ ਨੂੰ ਕੱਟੜ ਦੇਸ਼-ਭਗਤ ਅਤੇ ਕੱਟੜ ਇਮਾਨਦਾਰ ਸਾਬਤ ਕਰਨਾ ਚਾਹੁੰਦਾ ਹੈ। ਐਮਰਜੈਂਸੀ ਹਾਲਾਤ ਵਿਚ ਸਾਰਾ ਕੁੱਝ ਕੇਂਦਰੀ ਹਕੂਮਤ ਦੇ ਅਧੀਨ ਚਲਿਆ ਜਾਂਦਾ ਹੈ, ਪੰਜਾਬ ਦਾ ਮੁੱਖ ਮੰਤਰੀ ਵੀ ਕੇਂਦਰੀ ਹਕੂਮਤ ਦੇ ਅਧੀਨ ਚਲਿਆ ਗਿਆ ਜਾਪਦਾ ਹੈ ਕਿਉਂਕਿ ਪੰਜਾਬ ਵਿਚ ਅਣ-ਐਲਾਨ ਕੀਤੀ ਐਮਰਜੈਂਸੀ ਤਾਂ ਉਸੇ ਦਿਨ ਲੱਗ ਗਈ ਸੀ ਜਿਸ ਦਿਨ ਮੁੱਖ ਮੰਤਰੀ, ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਆਏ ਸਨ। ਹੁਣ ਉਦੋਂ ਤਕ ਹਿੰਦੀ ਹੀ ਬੋਲੀ ਜਾਵੇਗੀ ਜਦ ਤਕ ਇਹ ਐਮਰਜੈਂਸੀ ਹਟ ਨਹੀਂ ਜਾਂਦੀ। ਰਾਘਵ ਚੱਡਾ ਅਤੇ ਅਰਵਿੰਦ ਕੇਜਰੀਵਾਲ ਪੰਜਾਬ ਵਿਚ ਆਉਣ ਸਮੇਂ ਦਸਤਾਰ ਸਜਾ ਕੇ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦੇ ਹਨ ਪਰ ਸਾਡਾ ਮੁੱਖ ਮੰਤਰੀ ਤਣਾਅ ਭਰੇ ਮਾਹੌਲ ਵਿਚ ਵੀ ਪੰਜਾਬੀ ਦੀ ਬਜਾਏ ਹਿੰਦੀ ਵਿਚ ਪੰਜਾਬੀਆਂ ਨੂੰ ਸੰਬੋਧਨ ਕਰਕੇ ਜ਼ਖ਼ਮਾਂ ਦੀ ਟੀਸ ਹੋਰ ਵਧਾ ਰਿਹਾ ਹੈ। ਪਿਛਲੇ ਚਾਰ ਦਿਨ ਤੋਂ ਸੂਬੇ ਵਿਚ ਦਹਿਸ਼ਤ ਫੈਲਾਈ ਗਈ। ਇਕ ਸਾਧਾਰਣ ਮਨੁੱਖ ਭਾਈ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਤੋਂ ਬਾਅਦ ਇੰਟਰਨੈੱਟ ਬੰਦ ਕਰ ਦਿਤਾ ਗਿਆ। ਸੋਸ਼ਲ ਮੀਡੀਆ ਬੰਦ ਹੋ ਗਿਆ। ਪੈਸੇ ਦਾ ਆਨ-ਲਾਈਨ ਅਦਾਨ-ਪ੍ਰਦਾਨ ਬੰਦ ਹੋ ਗਿਆ। ਆਨ-ਲਾਈਨ ਕੰਮ ਕਰਨ ਵਾਲੀਆਂ ਕੰਪਨੀਆਂ ਨੂੰ ਨੁਕਸਾਨ ਉਠਾਉਣਾ ਪਿਆ।

ਕੌਣ ਜ਼ਿੰਮੇਦਾਰ ਹੈ?

ਹਾਲਾਂਕਿ ਜਿਵੇਂ ਪੁਲਿਸ ਆਮ ਅਪਰਾਧ ਕਰਨ ਵਾਲੇ ਲੋਕਾਂ ਨੂੰ ਗ੍ਰਿਫ਼ਤਾਰ ਕਰਦੀ ਹੈ, ਉਸੇ ਤਰ੍ਹਾਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਵੀ ਫੜਿਆ ਜਾ ਸਕਦਾ ਸੀ ਪਰ ਉਸ ਦੇ ਨਾਮ ਉਪਰ ਦਹਿਸ਼ਤ ਦਾ ਮਾਹੌਲ ਪੈਦਾ ਕਰਕੇ, ਸੂਬੇ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲਾਰੈਂਸ ਬਿਸਨੋਈ ਵਰਗੇ ਗੈਂਗਸਟਰ ਜੇਲਾਂ ਵਿਚੋਂ ਇੰਟਰਵਿਊ ਦੇਣ ਵਿਚ ਕਾਮਯਾਬ ਹੋ ਗਏ, ਉਸ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਪੰਜਾਬੀਆਂ ਨੂੰ ਇਕ ਗੱਲ ਜ਼ਰੂਰ ਸਪੱਸ਼ਟ ਹੋ ਗਈ ਕਿ ਉਨ੍ਹਾਂ ਦੀ ਬਦਲਾਅ ਲਿਆਉਣ ਦੀ ਜ਼ਿੱਦ ਦੇ ਨਤੀਜੇ ਭਿਆਨਕ ਹੀ ਨਿਕਲ ਰਹੇ ਹਨ। ਕਾਂਗਰਸ ਦੀਆਂ ਸਰਕਾਰਾਂ ਵਿਚ ਸਿੱਖ ਨੌਜੁਆਨਾਂ ਦੇ ਪੰਜਾਬ ਵਿਚ ਝੂਠੇ ਮੁਕਾਬਲੇ ਬਣਾਏ ਜਾਂਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖ ਨੌਜੁਆਨਾਂ ਨੂੰ ਆਸਾਮ ਵਰਗੇ ਦੂਰ-ਦੁਰਾਡੇ ਦੇ ਰਾਜ ਵਿਚ ਲਿਜਾਣ ਲਈ ਕੇਂਦਰੀ ਏਜੰਸੀਆਂ ਦੇ ਹਵਾਲੇ ਕਰ ਰਹੀ ਹੈ। ਆਸਾਮ ਵਿਚ ਬੰਦੀ ਕੇਂਦਰ (ਡੀਟੈਂਨਸ਼ਨ ਸੈਂਟਰ) ਬਣਾਏ ਜਾਣ ਦੀਆਂ ਰਿਪੋਰਟਾਂ ਬੀਬੀਸੀ ਵੀ ਨਸ਼ਰ ਕਰ ਚੁੱਕਾ ਹੈ ਜਿਥੇ ਘੁਸਪੈਠ ਦੇ ਨਾਮ ਉਪਰ ਮੁਸਲਮਾਨਾਂ ਨੂੰ ਰੱਖਿਆ ਗਿਆ ਹੈ।

ਪੰਜਾਬੀਆਂ ਨੂੰ ਡਰ ਹੈ ਕਿ ਉਨ੍ਹਾਂ ਦੇ ਨੌਜੁਆਨਾਂ ਨੂੰ ਵੀ ਕਿਤੇ, ਭਗੌੜੇ ਐਲਾਨ ਕਰਕੇ, ਬੰਦੀ ਕੇਂਦਰਾਂ ਵਿਚ ਹੀ ਨਾ ਸੁੱਟ ਦਿਤਾ ਜਾਵੇ। 92 ਵਿਧਾਇਕਾਂ ਵਿਚੋਂ ਕੋਈ ਇਕ ਵੀ ਇਹ ਤਾਕਤ ਨਹੀਂ ਰੱਖਦਾ ਕਿ ਉਹ ਅਪਣੀ ਸਰਕਾਰ ਨੂੰ ਕੇਂਦਰ ਕੋਲ ਗਹਿਣੇ ਰੱਖਣ ਦਾ ਵਿਰੋਧ ਕਰ ਸਕੇ।

ਉਨ੍ਹਾਂ ਨੂੰ ਇਸ ਗੱਲ ਦਾ ਵੀ ਡਰ ਨਹੀਂ ਕਿ ਜਦ ਉਹ ਪਿੰਡਾਂ ਜਾਂ ਸ਼ਹਿਰਾਂ ਵਿਚ ਆਮ ਲੋਕਾਂ ਵਿਚ ਵਿਚਰਨਗੇ ਤਾਂ ਕੀ ਜਵਾਬ ਦੇਣਗੇ? ਇਸੇ ਲਈ ਕਿਹਾ ਜਾਂਦਾ ਹੈ ਕਿ ਨੇਤਾ ਚੁਣਨ ਸਮੇਂ ਬੇਹੱਦ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ। ਡਰਪੋਕਾਂ ਅਤੇ ਬੇਹਿੰਮਤੀਆਂ ਦੀ ਫ਼ੌਜ ਕਦੇ ਇਨਸਾਫ਼ ਨਹੀਂ ਕਰ ਸਕਦੀ।



-ਜ਼ਾਹਿਦਾ ਸੁਲੇਮਾਨ

# ਅੰਮ੍ਰਿਤਪਾਲ ਸਿੰਘ ਮਾਮਲਾ:ਪੁਲਿਸ ਮੁਤਾਬਕ ਉਹ ਕਿਵੇਂ ਭੱਜਣ 'ਚ ਰਹੇ ਸਫ਼ਲ?

ਚੰਡੀਗੜ੍ਹ:-'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਦਾ ਮਾਮਲਾ ਹਾਈਕੋਰਟ ਵੀ ਪ੍ਰੁੱਜਾ ਜਿੱਥੇ ਪੰਜਾਬ ਸਰਕਾਰ ਤੋਂ ਇਹ ਸਵਾਲ ਕੀਤੇ ਗਏ ਕਿ ਅਮ੍ਰਿਤਪਾਲ ਦੀ ਤਲਾਸ਼ ਦੇ ਚਾਰ ਦਿਨ ਮਗਰੋਂ ਵੀ ਉਹ ਫੜਿਆ ਕਿਉਂ ਨਹੀਂ ਗਿਆ।ਦਰਅਸਲ, 'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ ਉਨ੍ਹਾਂ ਨੇ ਇਹ ਅਰਜ਼ੀ ਲਾਈ ਸੀ ਕਿ ਪੁਲਿਸ ਨੂੰ ਹੁਕਮ ਦਿੱਤੇ ਜਾਣ ਕਿ ਅਮ੍ਰਿਤਪਾਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ।ਪਰ ਪੁਲਿਸ ਦਾ ਕਹਿਣਾ ਹੈ ਕਿ ਅਮ੍ਰਿਤਪਾਲ ਉਨ੍ਹਾਂ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲਿਸ ਮੁਤਾਬਕ ਇਸ ਲਈ ਉਨ੍ਹਾਂ ਨੇ ਕਈ ਗੱਡੀਆਂ ਬਦਲੀਆਂ ਤੇ ਬਾਅਦ ਵਿੱਚ ਮੋਟਰ ਸਾਈਕਲ 'ਤੇ ਵੇਖੇ ਗਏ।ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਖ਼ਦਸ਼ਾ ਜਤਾਇਆ ਕਿ ਉਨ੍ਹਾਂ ਦੇ ਪੁੱਤਰ ਦੀ ਜਾਨ ਨੂੰ ਖਤਰਾ ਹੈ।ਕਈ ਸਾਲ ਦੁਬਈ ਰਹਿਣ ਤੋਂ ਬਾਅਦ ਪਿਛਲੇ ਸਾਲ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਅਮ੍ਰਿਤ ਸੰਚਾਰ ਅਤੇ ਨਸ਼ਾ ਛੁਡਾਊ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾਂ ਸ਼ੁਰੂ ਕੀਤਾ।ਪੰਜਾਬ ਪੁਲਿਸ ਨੇ ਹਾਈਕੋਰਟ ਵਿੱਚ ਦੱਸਿਆ ਕਿ 18 ਮਾਰਚ ਯਾਨੀ ਪੁਲਿਸ ਦੀ ਕਾਰਵਾਈ ਦੇ ਪਹਿਲੇ ਦਿਨ ਅਮ੍ਰਿਤਸਰ ਜ਼ਿਲ੍ਹੇ ਦੇ ਖਿਲਚੀਆਂ ਪਿੰਡ ਵਿਖੇ ਪੁਲਿਸ ਨੇ ਇੱਕ ਨਾਕਾ ਲਾਇਆ ਹੋਇਆ ਸੀ ਤੇ ਉੱਥੇ ਬੈਰੀਕੇਡ ਲਗਾਏ ਗਏ ਸਨ।ਨਾਕਾ ਖਿਲਚੀਆਂ ਦੇ ਥਾਣਾ ਪੁਲਿਸ ਨੇ ਹੀ ਲਗਾਇਆ ਸੀ। ਅਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਚਾਰ ਗੱਡੀਆਂ ਦਾ ਕਾਫ਼ਲਾ ਉੱਥੋਂ ਗੁਜ਼ਰਿਆ।ਉਨ੍ਹਾਂ ਵਿੱਚ ਇੱਕ ਮਰਸਿਡੀਜ਼ ਸੀ, ਦੋ ਫੋਰਡ ਐਨਡੇਵਰ ਤੇ ਇੱਕ ਕਰੇਟਾ ਉੱਥੋਂ ਨਿਕਲੀਆਂ ਸਨ।ਪੁਲਿਸ ਨੇ ਨਾਕੇ 'ਤੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਕਾਫ਼ਲੇ ਨੇ ਬੈਰੀਕੇਡ ਤੋੜ ਦਿੱਤਾ ਤੇ ਉੱਥੋਂ ਭੱਜ ਗਏ।ਇਸ ਦੇ ਨਾਲ ਲੱਗਦੇ ਸਾਰੇ ਪੁਲਿਸ ਥਾਣਿਆਂ ਅਤੇ ਜ਼ਿਲ੍ਹਿਆਂ ਨੂੰ ਉਪਰੋਕਤ ਵਾਹਨਾਂ ਦਾ ਪਤਾ ਲਗਾਉਣ ਲਈ ਸੁਚੇਤ ਕੀਤਾ ਗਿਆ ਸੀ।ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ ਸਵਰਨਦੀਪ ਸਿੰਘ ਦੇ ਮੁਤਾਬਕ ਇਸ ਤੋਂ ਬਾਅਦ ਅਮ੍ਰਿਤਪਾਲ ਇੱਕ ਚਾਕਲੇਟ ਰੰਗ ਦੀ ਇਸੂਜ਼ੂ ਪਿਕਅੱਪ ਵਿੱਚ ਵੇਖੇ ਗਏ।ਉਨ੍ਹਾਂ ਨੂੰ ਪਿੰਡ ਸਲੇਮਾ ਦੇ ਸਰਕਾਰੀ ਸਕੂਲ ਜੋ ਕਿ ਜ਼ਿਲ੍ਹਾ ਜਲੰਧਰ ਦੇ ਮਹਿਤਪੁਰ (ਦਿਹਾਤੀ) ਵਿੱਚ ਵੇਖਿਆ ਗਿਆ। ਉਹ ਤੇਜ਼ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਹੇ ਸਨ।ਇਸ ਗੱਡੀ ਨੂੰ ਬਾਅਦ ਵਿੱਚ ਫੜ੍ਹ ਲਿਆ ਗਿਆ ਕਿਉਂਕਿ ਅਮ੍ਰਿਤਪਾਲ ਤੇ ਉਨ੍ਹਾਂ ਦੇ ਸਾਥੀ ਇਸ ਕਾਰ ਨੂੰ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਏ ਸੀ। ਉਪਰੋਕਤ ਕਾਰ ਦੀ ਤਲਾਸ਼ੀ ਲੈਣ 'ਤੇ ਇੱਕ ਵਾਕੀ-ਟਾਕੀ ਸੈੱਟ, ਇੱਕ 315 ਬੋਰ ਰਾਈਫ਼ਲ ਸਮੇਤ 57 ਜ਼ਿੰਦਾ ਕਾਰਤੂਸ ਕਾਰ 'ਚੋਂ ਬਰਾਮਦ ਹੋਏ।ਪੁਲਿਸ ਬੁਲਾਰੇ ਤੇ ਆਈਜੀ (ਹੈੱਡ ਕੁਆਰਟਰ) ਸੁਖਚੈਨ ਗਿੱਲ ਮੁਤਾਬਕ ਅਮ੍ਰਿਤਪਾਲ ਫਿਰ ਮਾਰੂਤੀ ਬਰੇਜ਼ਾ ਵਿੱਚ ਸਫ਼ਰ ਕਰ ਰਹੇ ਸੀ। ਉਨ੍ਹਾਂ ਦੱਸਿਆ ਕਿ ਬਰੇਜ਼ਾ ਨੂੰ ਬਰਾਮਦ ਕਰ ਲਿਆ ਗਿਆ।ਪੁਲਿਸ ਨੇ ਦੱਸਿਆ ਕਿ ਮਹਿਤਪੁਰ ਦੇ ਬਾਜ਼ਾਰ ਵਿਚੋਂ ਅਮ੍ਰਿਤਪਾਲ ਬਰੇਜ਼ਾ ਵਿਚ ਹੀ ਭੱਜਿਆ ਸੀ।ਉੱਥੋਂ ਉਹ ਲਗਭਗ 15-16 ਕਿੱਲੋ ਮੀਟਰ ਦੂਰ ਨੰਗਲ ਅੰਬੀਆਂ ਦੇ ਗੁਰਦੁਆਰੇ ਵਿਚ ਗਏ। ਉੱਥੇ ਉਨ੍ਹਾਂ ਨੇ ਗੁਰਦੁਆਰੇ ਵਿੱਚ ਕੱਪੜੇ ਬਦਲੇ। ਪੁਲਿਸ ਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਆਪਣੇ ਸਾਥੀ ਨੂੰ ਨੰਗਲ ਅੰਬੀਆਂ ਬੁਲਾਇਆ ਸੀ।ਉਹ ਦੁਪਹਿਰ 2 ਵਜੇ ਦੇ ਕਰੀਬ ਅੰਦਰੂਨੀ ਸੜਕਾਂ ਵਿੱਚੋਂ ਹੁੰਦੇ ਹੋਏ ਮੋਗਾ ਵੱਲ ਚੱਲ ਪਏ। ਭੁਪਿੰਦਰ ਸਿੰਘ, ਨੰਗਲ ਅੰਬੀਆਂ ਨਿਵਾਸੀ, ਨੇ ਬੀਬੀਸੀ ਨੇ ਦੱਸਿਆ, "ਪੁਲਿਸ ਸਵੇਰ ਤੋਂ ਹੀ ਇੱਥੇ ਹੈ। ਪਰ ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਅਮ੍ਰਿਤਪਾਲ ਇੱਥੇ ਆਇਆ, ਕੱਪੜੇ ਬਦਲੇ ਅਤੇ ਖਾਣਾ ਵੀ ਖਾਧਾ ਅਤੇ ਫਿਰ ਮੋਟਰਸਾਈਕਲ 'ਤੇ ਇਸ ਥਾਂ ਤੋਂ ਚਲੇ ਗਏ।ਅਜਿਹੀ ਸੀਸੀਟੀਵੀ ਫੁਟੇਜ ਵੀ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਹੈ ਜਿਸ ਨੂੰ ਕੁਝ ਚੈਨਲਾਂ ਨੇ ਇਸਤੇਮਾਲ ਕੀਤਾ ਗਿਆ ਹੈ ਜਿਸ ਵਿੱਚ ਇੱਕ ਵਿਅਕਤੀ ਇੱਕ ਕਾਰ ਤੋਂ ਮੋਟਰ ਸਾਈਕਲ 'ਤੇ ਸਵਾਰ ਹੋ ਰਿਹਾ ਹੈ।ਕਈ ਚੈਨਲਾਂ ਨੇ ਕਿਹਾ ਹੈ ਕਿ ਇਹ ਅਮ੍ਰਿਤਪਾਲ ਸਿੰਘ ਹੈ। ਹਾਲਾਂਕਿ ਬੀਬੀਸੀ ਇਸ ਫੁਟੇਜ ਦੀ ਪੁਸ਼ਟੀ ਨਹੀਂ ਕਰਦਾ। ਵੀਜ਼ੂਅਲ ਵਿੱਚ ਇੱਕ ਹੋਰ ਬੁਲੇਟ ਮੋਟਰਸਾਈਕਲ 'ਤੇ ਦੋ ਵਿਅਕਤੀ ਦਿਖਾਈ ਦਿੰਦੇ ਹਨ।ਆਈਜੀ ਸੁਖਚੈਨ ਗਿੱਲ ਨੇ ਦੱਸਿਆ ਕਿ ਅਮ੍ਰਿਤਪਾਲ ਦੀ ਮਦਦ ਕਰਨ ਵਾਲੇ ਚਾਰ ਵਿਅਕਤੀਆਂ ਮਨਪ੍ਰੀਤ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ ਅਤੇ ਗੁਰਭੇਜ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।




DAY TO DAY
GROCERY & PRODUCE
www.daytoday.ca
RAMADAN SALE
MARCH 24TH TO 30TH
HAR DIN FRESH
buyBC
99¢ lb FRESH GARLIC
$2.99 ea CAULIFLOWER
limit 4lb after limit $1.49lb
$1.29 lb ROMA TOMATOES NO.1
$1.99 lb OKRA EXTRA FANCY
$5.99 ea LYALLPUR ATTA COOKIES 1KG
99¢ lb OPO LONG
89¢ lb DAIKON CHINA
$2.49 ea ONION YELLOW MEDIUM 10LB
$9.99 ea RED ONION 25 LB NO.1
$11.99 ea MEDIUM YELLOW ONIONS 50LB
$2.99 ea RAPINI
$2.49 ea METHI
99¢ lb CABBAGE GREEN
limit 4lb after limit $1.99ea
$1.49 ea SPINACH FRESH
99¢ lb APPLES AMBROSIA BC / PINK LADY
99¢ lb ORANGE JUMBO
$3.99 ea HAMDARD ROOH AFZA
89¢ lb BABY GREEN PEPPERS
79¢ lb APPLES MCINTOSH
$16.99 HADEN MANGOES 12'S BOX
$8.99 ea TATA TEA PREMIUM 220 TEA BAGS
GURUJI
$3.99 ea GURUJI BESAN 4LB
$9.99 lb CARDAMOM GREEN LARGE
$5.99 ea HERITAGE PITTED DATES 680GM
$3.99 lb ALMONDS SUPREME
$10.99 ea BROWN SUGAR 10LB
$4.99 ea GUR PLAIN / MASALA / DESI FROM INDIA
$2.99 ea LYALLPUR RUSK 400 GRAMS
$6.99 ea GURUJI COOKIES 2.5LB (GUR, JEERA, AJWAIN, COCONUT, PUNJABI, SOOJI)
NAVARATRI ITEMS NOW AVAILABLE
Ramadan Kareem
604 503 6704
11961 82 Avenue, Delta
#104, 7843-128 Street, Surrey, BC
6339 200 St #500, Langley, BC V2Y 1A2
7 days a week | Store hours: 9am - 9pm
daytodaywholesale
daytodaygroceryproduce
daytodaycashcarry

# ਪੰਜਾਬ ਵਿਚ ਦਹਿਸ਼ਤ ਦਾ ਮਹੌਲ ਸਿਰਜਿਆ ਜਾ ਰਿਹੈ

## ਅੰਮ੍ਰਿਤਪਾਲ ਸਿੰਘ ਮਾਮਲਾ:ਅਕਾਲ ਤਖਤ ਜਥੇਦਾਰ ਵੱਲੋਂ 27 ਮਾਰਚ ਨੂੰ 'ਵਿਸ਼ੇਸ਼ ਇਕੱਤਰਤਾ' ਦਾ ਸੱਦਾ

ਅੰਮ੍ਰਿਤਸਰ:ਅਕਾਲ ਤਖਤ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਭਵਿੱਖ ਦੀ ਵਿਓਂਤਬੰਦੀ ਲਈ ਅੰਮ੍ਰਿਤਸਰ ਵਿਖੇ 27 ਮਾਰਚ ਨੂੰ ਵੱਖ-ਵੱਖ ਜਥੇਬੰਦੀਆਂ ਸਣੇ ਸਾਰਿਆਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਾਣਬੁੱਝ ਕੇ ਸਰਕਾਰਾਂ ਪੰਜਾਬ ਦੇ ਮਾਹੌਲ ਨੂੰ ਖਰਾਬ ਕਰ ਰਹੀਆਂ ਹਨ। ਉਨ੍ਹਾਂ ਨੇ ਬਾਹਰ ਦੀਆਂ ਜੇਲ੍ਹਾਂ ਵਿੱਚ ਭੇਜੇ ਨੌਜਵਾਨਾਂ ਨੂੰ ਵਾਪਸ ਲਿਆਉਣ ਦੀ ਮੰਗ ਕੀਤੀ ਹੈ।ਪੰਜਾਬ ਦੇ ਮੰਤਰੀ ਇੰਦਰਬੀਰ ਨਿੱਜਰ ਨੇ ਕਿਹਾ ਕਿ ਪਹਿਲਾਂ ਕਾਂਗਰਸ ਅਤੇ ਅਕਾਲੀ ਦਲ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਕਹਿ ਰਹੇ ਸਨ, ਪਰ ਹੁਣ ਜਦੋਂ ਕਾਰਵਾਈ ਹੋਈ ਹੈ ਤਾਂ ਸਾਡੇ ਖਿਲਾਫ਼ ਹੋ ਗਏ ਹਨ।ਪੰਜਾਬ ਵਿਧਾਨ ਸਭਾ ਵਿੱਚ ਅਮ੍ਰਿਤਪਾਲ ਦੇ ਮੁੱਦੇ 'ਤੇ ਭਗਵੰਤ ਮਾਨ ਤੋਂ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਹੈ।ਅਕਾਲੀ ਦਲ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ।

# ਮੂੰਹ ਚਿੜਾਉਂਦੀ ਹਕੀਕਤ:ਦਲਿਤਾਂ ਦੀ ਹੋਣੀ

ਖ਼ਬਰ ਇਹ ਉਸ ਉਤਰਾਖੰਡ ਦੀ ਹੈ, ਜਿੱਥੇ ਡਬਲ ਇੰਜਣ ਦੀ ਸਰਕਾਰ ਹੈ।16 ਮਾਰਚ ਨੂੰ ਜੋਸ਼ੀਗਾਂਵ ਦੇ ਇੱਕ ਬੰਦ ਮਕਾਨ ਵਿੱਚੋਂ ਬਦਬੂ ਆਉਣੀ ਸ਼ੁਰੂ ਹੋਈ ਤਾਂ ਲੋਕਾਂ ਨੇ ਪੁਲਸ ਨੂੰ ਇਤਲਾਹ ਦਿੱਤੀ।ਪੁਲਸ ਨੇ ਆ ਕੇ ਜਦੋਂ ਬੂਹਾ ਖੋਲ੍ਹਿਆ ਤਾਂ ਅੰਦਰਲਾ ਮੰਜ਼ਰ ਦਿਲ ਕੰਬਾਉਣ ਵਾਲਾ ਸੀ । ਘਰ ਅੰਦਰ ਚਾਰ ਲਾਸ਼ਾਂ ਪਈਆਂ ਸਨ। ਇਸ ਘਰ ਵਿੱਚ ਭੁਪਾਲ ਰਾਮ ਨਾਂਅ ਦਾ ਵਿਅਕਤੀ ਆਪਣੀ ਪਤਨੀ, ਬੇਟੀ ਤੇ ਦੋ ਬੇਟਿਆਂ ਨਾਲ ਰਹਿੰਦਾ ਸੀ।ਭੁਪਾਲ ਰਾਮ ਕਿਸੇ ਫੌਜੀ ਦੇ ਘਰ ਨੌਕਰ ਸੀ, ਪਰ ਕੋਰੋਨਾ ਮਹਾਂਮਾਰੀ ਕਾਰਨ ਉਸ ਦੀ ਨੌਕਰੀ ਚਲੀ ਗਈ ਸੀ । ਘਰ ਦੇ ਗੁਜ਼ਾਰੇ ਲਈ ਕਰਜ਼ਾ ਚੁੱਕ ਲਿਆ, ਜੋ ਮੋੜ ਨਾ ਹੋਇਆ ਤੇ ਆਖਰ ਤੰਗ ਆਇਆ ਘਰੋਂ ਕਿਤੇ ਚਲਾ ਗਿਆ । ਲਾਸ਼ਾਂ ਭੁਪਾਲ ਰਾਮ ਦੀ ਪਤਨੀ (40) ਬੇਟੀ ਅੰਜਲੀ (14), ਬੇਟੇ ਕ੍ਰਿਸ਼ਨ (8) ਤੇ ਬੇਟੇ ਭਾਸਕਰ (5) ਦੀਆਂ ਸਨ ।

ਲੋਕਾਂ ਨੇ ਪੁਲਸ ਨੂੰ ਦੱਸਿਆ ਕਿ ਹੋਲੀ ਵਾਲੇ ਦਿਨ ਤੋਂ ਹੀ ਇਨ੍ਹਾਂ ਨੂੰ ਕਿਸੇ ਨੇ ਦੇਖਿਆ ਨਹੀਂ । ਇਸ ਤਰ੍ਹਾਂ ਮੰਨਿਆ ਗਿਆ ਕਿ ਇਨ੍ਹਾਂ ਚਾਰਾਂ ਦੀ ਮੌਤ 8 ਮਾਰਚ ਨੂੰ ਹੋਈ ਸੀ।ਪੁਲਸ ਨੇ ਜਦੋਂ ਬਾਰੀਕੀ ਨਾਲ ਜਾਂਚ ਕੀਤੀ ਤਾਂ ਸਾਹਮਣੇ ਆਇਆ ਕਿ ਰਸੋਈ ਵਿਚਲਾ ਹਰ ਬਰਤਨ ਖਾਲੀ ਸੀ। ਨਾ ਘਰ ਵਿੱਚ ਆਟਾ ਸੀ, ਨਾ ਚਾਵਲ, ਨਾ ਤੇਲ ਤੇ ਨਾ ਹੀ ਨਮਕ । ਗੈਸ ਦਾ ਚੁੱਲ੍ਹਾ ਸੀ, ਪਰ ਸਿਲੰਡਰ ਨਹੀਂ ਸੀ। ਸ਼ਾਇਦ ਸਿਲੰਡਰ ਵੇਚ ਦਿੱਤਾ ਹੋਵੇ ਜਾਂ ਕਰਜ਼ਦਾਰ ਚੁੱਕ ਕੇ ਲੈ ਗਏ ਹੋਣ । ਪੁਲਸ ਨੇ ਜਦੋਂ ਬਾਕੀ ਘਰ ਦੀ ਛਾਣਬੀਨ ਕੀਤੀ ਤਾਂ ਉਸ ਨੂੰ ਇੱਕ ਚਟਾਈ ਦੇ ਹੇਠੋਂ 12 ਪੰਨਿਆਂ ਦਾ ਸੁਸਾਈਡ ਨੋਟ ਮਿਲਿਆ। ਇਹ ਨੋਟ ਸੱਤਵੀਂ ਜਮਾਤ ਵਿੱਚ ਪੜ੍ਹਦੀ 14 ਸਾਲਾ ਅੰਜਲੀ ਨੇ ਲਿਖਿਆ ਸੀ । ਉਸ ਨੇ ਘਰ ਦੀ ਬਦਹਾਲੀ ਦਾ ਸਾਰਾ ਕਿੱਸਾ ਬਿਆਨ ਕੀਤਾ ਸੀ। ਆਰਥਿਕ ਤੰਗੀ ਤੇ ਲਹਿਣੇਦਾਰਾਂ ਵੱਲੋਂ ਪ੍ਰੇਸ਼ਾਨ ਕੀਤੇ ਜਾਣ ਦੇ ਕਿੱਸੇ ਸਿਲਸਿਲੇਵਾਰ ਲਿਖੇ ਗਏ ਸਨ । ਆਖਰ ਵਿੱਚ ਅੰਜਲੀ ਨੇ ਲਿਖਿਆ ਸੀ ਕਿ ਮਾਂ ਸਲਫਾਸ ਲੈ ਕੇ ਆਈ ਹੈ।ਉਹ ਆਰਥਿਕ ਤੰਗੀ ਤੇ ਦੇਣਦਾਰੀਆਂ ਤੋਂ ਦੁਖੀ ਹਨ।ਨੋਟ ਵਿੱਚ ਸਥਾਨਕ ਪੁਲਸ ਵੱਲੋਂ ਪ੍ਰੇਸ਼ਾਨ ਕਰਨ ਦਾ ਵੀ ਦੋਸ਼ ਲਾਇਆ ਗਿਆ ਹੈ ।

ਪਰਵਾਰ ਦੇ ਚਾਰ ਲੋਕਾਂ ਦੀ ਮੌਤ ਤੋਂ ਬਾਅਦ ਸੁੱਤੀ ਸਰਕਾਰ ਜਾਗਣ ਦਾ ਨਾਟਕ ਕਰ ਰਹੀ ਹੈ । ਥਾਣਾ ਮੁਖੀ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ । ਰਾਜ ਦੇ ਮਹਿਲਾ ਕਮਿਸ਼ਨ ਦੀ ਮੁਖੀ ਨੇ ਡੀ ਐੱਮ ਤੇ ਐੱਸ ਪੀ ਕੋਲੋਂ ਰਿਪੋਰਟ ਤਲਬ ਕੀਤੀ ਹੈ।

ਦਲਿਤ ਪਰਵਾਰ ਹੋਣ ਕਰਕੇ ਅਨੁਸੂਚਿਤ ਜਾਤੀ ਕਮਿਸ਼ਨ ਵਾਲੇ ਵੀ ਹਾਜ਼ਰੀ ਭਰਨ ਆਉਣਗੇ ।ਮੋਦੀ ਸਰਕਾਰ ਦੇ ਨਾਲ-ਨਾਲ ਉਤਰਾਖੰਡ ਸਰਕਾਰ ਵੀ ਦਾਅਵਾ ਕਰਦੀ ਹੈ ਕਿ ਉਹ ਗਰੀਬ ਲੋਕਾਂ ਨੂੰ ਹਰ ਮਹੀਨੇ 5-5 ਕਿਲੋ ਅਨਾਜ ਮੁਫ਼ਤ ਦੇ ਰਹੀ ਹੈ । ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਫੋਟੋ ਵਾਲੇ 5-5 ਕਿਲੋ ਅਨਾਜ ਦੇ ਇਹ ਝੋਲੇ ਇਸ ਪਰਵਾਰ ਦੇ ਘਰੋਂ ਨਹੀਂ ਨਿਕਲੇ ।

ਉਤਰਾਖੰਡ ਦੀ ਇਸ ਘਟਨਾ ਨੇ ਸਰਕਾਰ ਦੇ ਸਭ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਬਿਨਾਂ ਸ਼ੱਕ ਇਨ੍ਹਾਂ ਮੌਤਾਂ ਲਈ ਪਰਵਾਰ ਦੇ ਮੁਖੀ ਵੱਲੋਂ ਲਿਆ ਕਰਜ਼ਾ ਵੀ ਇੱਕ ਕਾਰਨ ਹੋ ਸਕਦਾ ਹੈ, ਪਰ ਘਰ ਵਿੱਚੋਂ ਅੰਨ ਦਾ ਇੱਕ ਦਾਣਾ ਵੀ ਨਾ ਮਿਲਣਾ ਇਸ ਗੱਲ ਦਾ ਗਵਾਹ ਹੈ ਕਿ ਪਰਵਾਰ ਦੇ ਜੀਅ ਕਈ ਦਿਨਾਂ ਤੋਂ ਭੁੱਖ ਸਨ । ਪ੍ਰਧਾਨ ਮੰਤਰੀ ਮੋਦੀ ਕਹਿੰਦੇ ਤਾਂ ਇਹ ਹਨ ਕਿ ਕਾਂਗਰਸ ਰਾਜ ਸਮੇਂ ਉਪਰੋਂ ਆਉਂਦੇ ਇੱਕ ਰੁਪਏ ਵਿੱਚੋਂ ਸਿਰਫ਼ 15 ਪੈਸੇ ਹੀ ਲੋਕਾਂ ਤੱਕ ਪੁੱਜਦੇ ਸਨ ਤੇ ਉਨ੍ਹਾ ਦੇ ਰਾਜ ਸਮੇਂ ਵਿਚਕਾਰ ਖਾਣ ਵਾਲਾ ਕੋਈ ਨਹੀਂ ਹੈ, ਪਰ ਉਪਰੋਕਤ ਘਟਨਾ ਦੀ ਹਕੀਕਤ ਮੋਦੀ ਦੇ ਦਾਅਵੇ ਦਾ ਮਜ਼ਾਕ ਉਡਾ ਰਹੀ ਹੈ ।

-ਨਵਾਂ ਜ਼ਮਾਨਾ

# ਦੁੱਧ ਪੀਣੇ ਮਜਨੂੰ

ਬਹੁਤ ਪਾਲੇ ਕੌਮ ਮੇਰੀ ਨੇ।

ਚਿੱਟੇ ਮਜਨੂੰ, ਕਾਲੇ ਮਜਨੂੰ, ਨੀਲੇ ਮਜਨੂੰ ਮੜੀਆਂ ਸੁਲਫਿਆਂ ਵਾਲੇ ਹਰੇ ਮਜਨੂੰ।

ਟਲੀਆਂ ਵਾਲੇ, ਚਿਮਟਿਆਂ ਵਾਲੇ ਮਜਨੂੰ। ਬਾਹਾਂ ਮਾਰ ਮਾਰ ਸਾਹੋ ਸਾਹੀ ਮਜਨੂੰ। ਘੋਟੇ ਲਾਓਣ ਵਾਲੇ ਮਜਨੂੰ। ਧਰਤੀ ਤਕ ਬਥੂਹੀਆਂ ਦੀਆਂ ਜਿਹਬਾਂ ਲਟਕਾਈ ਫਿਰਦੇ ਮਜਨੂੰ। ਲੰਮੀਆਂ ਹੇਕਾਂ ਲਾਓਂਣ ਵਾਲੇ ਮਜਨੂੰ।

ਡੋਹਣਿਆਂ ਦੇ ਡੋਹਣੇ ਦੁਧ ਪਿਆ ਛਡਿਆ ਪੰਜਾਬ ਨੇ ਇਨਾ ਮਜਨੂੰਆਂ ਨੂੰ ਪਰ ਲਹੂ ਦਾ ਇਕ ਤੁਪਕਾ ਨਾ।

ਕਹਿੰਦੇ ਲੈਲਾ ਕਹਿੰਦੀ ਮਜਨੂੰ ਦੇ ਲਹੂ ਦਾ ਕਟੋਰਾ ਚਾਹੀਦਾ ਸੈਕਟਰੀ ਕਹਿੰਦਾ ਮੈਮ ਉਸ ਵਿਚ ਤਾਂ ਬੂੰਦ ਨਹੀ ਬਚੀ।

ਭੋਲੇ ਸਿਖ ਐਵੇਂ ਈ ਖਫਾ ਹੋਈ ਜਾਂਦੇ ਕਿ ਮਜਨੂੰ ਬੋਲਦੇ ਕਿਓਂ ਨਹੀ ਕਮਲਿਓ ਲਹੂ ਦੀ ਤਾਂ ਵਿਚ ਬੂੰਦ ਨਾ ਸੀ ਬੋਲਣ ਕਾਹਦੇ ਨਾਲ।

ਕਹਿੰਦੇ ਬੰਦੇ ਦਾ ਲਹੂ ਉਬਲਦਾ ਜਵਾਨ ਦਾ ਛੇਤੀ ਉਬਲਦਾ ਪਰ ਇਧਰ ਤਾਂ ਰੇਤਾ ਦੇ ਬੋਰੇ ਭਰੇ ਵੇ ਨੇ ਲਹੂ ਕਿਥੋਂ ਉਬਲੂ। ਦਰਬਾਰ ਸਾਹਬ ਸਭ ਲਾਸ਼ਾਂ ਇਕਠੀਆ ਨਹੀ ਕੀਤੀਆਂ ਤਾਂ ਦਸੋ ਸਮੇਤ ਜਥੇਥਾਰਾਂ।

ਇਕ ਕਹਾਵਤ ਜਿਹੀ ਵਰਗੀ ਤੁਕਬੰਦੀ ਆਮ ਪ੍ਰਚਲਤ ਸੀ ਕਿ

ਗੁਰੂ ਘਰ ਦੀਆਂ ਰੋਟੀਆਂ ਤਿੰਨ ਕੰਮ ਕਰੇਣ ਮਤ ਮਾਰਨ ਹਡ ਗਾਲਣ ਕੰਮ ਕਰਣ ਨਾ ਦੇਣ।

ਔਹ ਭੁਚੋ ਵਾਲਾ ਜਿਹੜਾ ਬੋਲਣ ਲਗਾ ਹੀ ਹਫ ਜਾਂਦਾ ਹਾਲੇ ਸੁਪਨੇ ਵਿਆਹਾਂ ਦੇ ਲੈ ਰਿਹਾ ਉਸ ਨੂੰ ਕਹਿ ਕੇ ਦੇਖ ਲਵੋ ਬੋਲਦਾ? ਧੁੰਮਾ ਤਾਂ ਪੰਜਾਬ ਤੋਂ ਇਓਂ ਦੌੜਿਆ ਜਿਵੇਂ ਰਾਕਟ ਛਡਿਆ ਹੁੰਦਾ ਯਾਣੀ ਫੋਰਸ ਅੰਮ੍ਰਿਤਪਾਲ ਸਿੰਘ ਮਗਰ ਨਹੀ ਜਿਵੇਂ ਉਸ ਮਗਰ ਪੈ ਗਈ ਹੋਵੇ।

ਓਹ ਵੀ ਨਹੀ ਦਿਸਦੇ ਹੁਣ ਜਿਹੜੇ ਕਹਿੰਦੇ ਸੀ ਧਰਤੀ ਅਤੇ ਅਸਮਾਨ ਜਿਦਣੋਂ ਨਾ ਹਟਣ ਤਾਂ ਬਾਬਾ ਜੀ ਸਾਡਿਆਂ ਦੋਹਾਂ ਨੂੰ ਗਿਚੀਓਂ ਫੜ ਕੇ ਅਜਿਹਾ ਭਿੜਾਇਆ ਕਿ ਹੁਣ ਇਕ ਦੂਏ ਦੇ ਨੇੜੇ ਤੇੜੇ ਨਹੀ ਦਿਸਦੇ।

ਖਾੜਕੂ ਲਹਿਰ ਖਤਮ ਤੋਂ ਬਾਅਦ ਚਿਟੇ ਮਜਨੂੰ ਗੰਡੋਇਆਂ ਤਰਾਂ ਜਦ ਭੋਰਿਆਂ ਵਿਚੋਂ ਨਿਕਲੇ ਤਾਂ ਕਈਆਂ ਦੇ ਚੇਲੇ ਕਰੀ ਜਾਣ ਬਾਬਾ ਜੀ ਸਾਡਿਆਂ ਦੇ ਆਖੇ ਨਹੀ ਲਗੇ ਖਾੜਕੂ ਨਹੀ ਤਾਂ ਖਾਲਿਸਤਾਨ ਤਾਂ ਚੌਂਹ ਦਿਨਾ ਵਿਚ ਲੈ ਦੇਣਾ ਸੀ।

ਓਵੇਂ ਕੁ ਦੀ ਟੋਨ ਤੇ ਹੁਣ ਕਾਲੇ ਮਜਨੂੰ ਕਰੀ ਜਾਂਦੇ ਸਾਡੀ ਰਾਇ ਦੀ ਕਦਰ ਨਹੀ ਕੀਤੀ ਨਹੀ ਤਾਂ? ਯਣੀ ਕੀਤੀ ਹੁੰਦੀ ਤਾਂ ਅਸੀਂ ਬੋਲਣਾ ਸੀ ਹੁਣ ਸਾਡੇ ਕੀ ਲਗਦੇ ਤੁਸੀਂ। ਉਲਟਾ ਓਹ ਰਾਸ਼ਟਰਵਾਦੀਆਂ ਤਰਾਂ 84 ਸੁਣਾ ਸੁਣਾ ਡਰਾਈ ਜਾਂਦੇ ਕਿ ਚੇਤੇ ਕਰ ਲਵੋ ਓਦੋਂ ਕੀ ਹੋਇਆ ਸੀ। ਓਨਾ ਨੂੰ ਜਾਪਦਾ ਕਿ ਜਦ ਸਾਡੀਆਂ ਧੂੜਾਂ ਪਟੀਆਂ ਹੋਈਆਂ ਸਨ ਅਤੇ ਗੁਰੂ ਨਾਨਕ ਜੋਧਾ, ਬਬਰ ਸ਼ੇਰ ਕਹਿ ਕਹਿ ਸਟੇਜਾਂ ਖੜਕਣੀਆਂ ਕੀਤੀਆਂ ਪਈਆਂ ਸਨ ਓਦੋਂ ਸ਼ਾਇਦ ਸ਼ਾਂਤੀ ਹੀ ਸੀ। ਓਦੋਂ ਨਿਆਣੇ ਸਾਡੇ ਕਾਹਨੂੰ ਮਰ ਰਹੇ ਸਨ। ਓਦੋਂ ਸਿਵੇ ਕਾਹਨੂੰ ਬਲ ਰਹੇ ਸਨ। ਓਦੋਂ ਨਿਆਣੇ ਸਾਡੇ ਕਾਹਨੂੰ ਟੀਕਿਆਂ ਨਾਲ ਵਿੰਨੇ ਜਾ ਰਹੇ ਸਨ। ਯਾਣੀ ਇਹ ਨਿਆਣੇ ਮਰਵਾਓਂਣ ਵਾਲਾ ਕੰਮ ਤਾਂ ਹੁਣ ਸ਼ੁਰੂ ਹੋਇਆ ਪਹਿਲਾਂ ਤਾਂ ਪੂਰੀ ਸੁਖ ਸ਼ਾਂਤੀ ਰਹੀ। ਅਗਲਿਆਂ ਪੂਰੀ ਦੀ ਪੂਰੀ ਨਸਲ ਤਬਾਹ ਕਰ ਛਡੀ ਨਸ਼ਿਆਂ ਵਿਚ ਰੋਹੜ ਕੇ ਇਨਾ ਨੂੰ ਨਿਆਣਿਆਂ ਦਾ ਹੁਣ ਫਿਕਰ ਹੋਇਆ।

ਪੰਜਾਬ ਨੇ ਸੁਲਫਾ ਮਜਨੂੰ ਵੀ ਇਨਾ ਪਾਲਿਆ ਕਿ ਧੂੰਇਓਂ ਧੂੰਆਂ ਕਰ ਛਡਿਆ ਪੰਜਾਬ। ਕਮਲਿਓ ਇਸ ਨਾਲੋਂ ਤਾਂ ਚਾਰ ਪਿਟ ਬੁਲ ਪਾਲ ਲੈਂਦੇ ਘਟੋ ਘਟ ਤੁਹਾਡੇ ਲਈ ਭੌਂਕਦੇ ਤਾਂ ਸਹੀਂ ਵਢਦੇ ਵੀ।

ਪਿਛੇ ਜਿਹੇ ਵੀ ਮੈਂ ਲਿਖਿਆ ਸੀ ਜਦ ਭੀੜ ਪਈ ਤਾਂ ਸੜਕਾਂ ਤੇ ਅਵਾਰਾ ਤੁਰੀ ਫਿਰਦੀ ਆਖੀ ਜਾਂਦੀ ਮੰਡੀਰ ਨੇ ਹੀ ਸਿਰ ਲੈ ਕੇ ਆਓਂਣਾ ਬਾਕੀ ਮਜਨੂੰ ਥੋੜੇ ਓਦੋਂ ਨਿਕਲਣੇ ਜਦ ਸਿਵੇ ਮਚ ਕੇ ਤੁਹਾਡੇ ਠੰਡੇ ਵੀ ਹੋ ਗਏ ਅਤੇ ਹੋਣਾ ਹੁਣ ਵੀ ਇਓਂ ਹੈ ਪਰ ਮਜਨੂੰ ਪਾਲਣੋਂ ਕੌਮ ਮੇਰੀ ਨੇ ਫਿਰ ਵੀ ਨਹੀ ਹਟਣਾ। ਕਿ ਹਟਣਾ?

-ਗੁਰਦੇਵ ਸਿੰਘ ਸੱਧੇਵਾਲੀਆ




FRIENDS TRAVEL INC
FRIENDS TRAVEL INC
Unit #104 8028 128st Surrey
Little India Plaza
email:friendstravel@hotmail.ca
BC CP License 63134
Paramjit Pannu: 604-594-4484
Amandeep Kubey: 604-781-0940
Arminder Kubey: 604-594-4484
ਅਸੀਂ ਲਿਟਲ ਇੰਡੀਆ ਪਲਾਜ਼ਾ ਵਿਚ ਨਵੀਂ ਲੋਕੇਸ਼ਨ ਤੇ ਮੂਵ ਹੋ ਗਏ ਹਾਂ




SPECIAL PRICE ALSO
AVAILABLE FOR AIR CANADA
ਇੰਡੀਆ ਦੀਆਂ ਟਿੱਕਟਾਂ ਸਪੈਸ਼ਲ ਕੀਮਤਾਂ ਤੇ
Packages Available On Special Prices For
Disneyland, Cuba, Mexico.
Cruises Also Available For All Destinations.



Trusted Name in Real Estate
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
ਅਸੀਂ ਮੁਫਤ ਨੋਟਰੀ
ਸੇਵਾਵਾਂ ਦਿੰਦੇ ਹਾਂ
Looking to Buy or Sell a Residential
or Commercial Property
Need Help ? Call US
Windermere
REAL ESTATE
GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com, m.sangha.withwre.com
801 State Ave, Marrysville, Wa 98270
MANDEEP SANGHA
REAL ESTATE BROKER
Cell:425-210-8985
Email:m.sangha@windermere.com




ARLINGTON FUEL STOP INC.
1801 Pioneer Hwy. Exit 208 @ I - 5 Arlington, WA 98223
ਆਪਣੇ ਭਾਈਆਂ ਦੇ ਟੱਰਕ ਸਟੌਪ
ਜਿੱਥੇ ਤੁਸੀਂ ਘਰ ਵਰਗਾ ਮਾਹੌਲ ਮਹਿਸੂਸ ਕਰਦੇ ਹੋ
Balbir Singh Usmanpur
Sandeep Singh




LOST HILLS TRAVEL CENTRE INC.
14814 Aloma Street, Route 46 & I-5, PO Box 273 Lost Hills, CA 93249
* ਫਰੀ ਕਾਫੀ * ਫਰੀ ਫੈਕਸ ਸਰਵਿਸ * ਰਾਤ ਲਈ ਮੁਫਤ ਪਾਰਕਿੰਗ
* ਟਰੱਕਾਂ ਲਈ ਜਰੂਰਤ ਦੀਆਂ ਚੀਜਾਂ * ਫੋਨ ਕਾਰਡ
LOST HILLS TRUCK PLAZA
DQ Grill & Chill
PACIFIC PRIDE
Harjap Singh
We accept all kind of Pacific Pride Cards
Jagbir Singh

# Sky Tours & Travels

*Let us Take You Home*



ਇੰਡੀਆ ਜਾਂ ਕਿਤੇ ਵੀ ਜਾਣ ਲਈ ਸਸਤੀਆਂ
ਟਿਕਟਾਂ ਖਰੀਦਣ ਲਈ ਸਾਨੂੰ ਅੱਜ ਹੀ ਸੰਪਰਕ ਕਰੋ

For more info call :
**Neeraj Anand**
(+1) 425-492-5909
Anandnick6@gmail.com

Seattle
Washington

**Emergency Travel Service Available 24/7**



ਪਾਬਲਾ ਪੰਜਾਬੀ ਪੈਲੇਸ ਨੇ ਹੁਣ ਆਪਣੀ ਦੂਸਰੀ ਲੋਕੇਸ਼ਨ
ਫੈਡਰਲ ਵੇਅ ਤੇ ਹਿਲਸਾਈਡ ਪਲਾਜ਼ਾ ਵਿਚ ਖੋਲ ਦਿੱਤੀ ਹੈ

# PABLA PUNJABI PALACE

**2nd Location Now Open**
**in Federal Way, WA**

2020 S 314th St, Federal Way, WA 98003
(Hillside Plaza) Seating for 1200 people

ਹੁਣ ਤੁਸੀਂ ਇਸ ਲੋਕੇਸ਼ਨ ਤੋਂ
ਇੰਡੀਅਨ ਗ੍ਰੋਸਰੀ ਅਤੇ ਮਿਠਾਈਆਂ ਵੀ ਲੈ ਸਕਦੇ ਹੋ


ਸਿਰਫ
ਟੇਕ ਆਊਟ
















*Specials:* Take out 7 Days a week
DJ, Dance Floor, Catering for All Occasions, Big TV Screens & Family Atmosphere

• Marriage Parties • Birthday Parties • Mehndi Parties
• Business Meetings • Any Kind Of Functions

For booking your event Please call Jas pabla At
**Ph: 206-769-5559**
Email: pablajas@yahoo.com



# ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), **WA** (ਯੂ.ਐਸ.ਏ) (USA)

**176 E Pole Road / 6934 Meridian St** **Lynden, WA. 98264 (Bellingham)**



ਸ੍ਰੀ ਅਖੰਡਪਾਠ ਸਾਹਿਬ 24 ਮਾਰਚ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣਗੇ
ਅਤੇ ਭੋਗ 26 ਮਾਰਚ ਦਿਨ ਐਤਵਾਰ ਨੂੰ ਪਾਏ ਜਾਣਗੇ।
ਅਖੰਡਪਾਠ ਸਾਹਿਬ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਕ੍ਰਿਕਟ ਕਲੱਬ ਵੱਲੋਂ ਹੋਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਮੁੱਖ ਸੇਵਾਦਾਰ:ਮਹਿੰਦਰ ਸਿੰਘ ਸੰਘਾ:**360-410-5000**,ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ **360-398-1184**

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਸਿਆਟਲ 'ਚ ਗੁਰੂ ਹਰਿਰਾਏ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ



ਭਾਈ ਕੁਲਵਿੰਦਰ ਸਿੰਘ ਦਾ ਜਥਾ ਕੀਰਤਨ ਕਰਦਾ ਹੋਇਆ।(ਸੱਜੇ) ਸਟੇਜ ਤੋਂ ਸੰਬੋਧਨ ਕਰਦੇ ਹੋਏ ਹਰਸ਼ਿੰਦਰ ਸਿੰਘ ਸੰਧੂ।

ਸਿਆਟਲ (ਗੁਰਚਰਨ ਸਿੰਘ ਢਿੱਲੋਂ)-ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ 'ਚ ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ । ਗੁਰਦੁਆਰਾ ਸੱਚਾ ਮਾਰਗ ਐਬਰਨ 'ਚ ਦੀਵਾਨ ਸਜਾਏ ਗਏ, ਜਿੱਥੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦੀ ਉਪਮਾ ਕੀਤੀ।ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ । ਸਟੇਜ ਤੋਂ ਗੁਰੂ ਘਰ ਦੇ ਬਾਨੀ ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਨੂੰ ਸਤਵੇਂ ਪਾਤਿਸ਼ਾਹ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ।

# 56 ਇੰਚ ਦਾ ਡਰਾਉਣਾ ਪੋਸਟਰ




ਨਵੀਂ ਦਿੱਲੀ:ਰਾਜਧਾਨੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਪੋਸਟਰ ਲਗਾਉਣ ਦੇ ਮਾਮਲੇ 'ਚ ਪੁਲਸ ਨੇ ਘੱਟੋ-ਘੱਟ 100 ਐੱਫ ਆਈ ਆਰ ਦਰਜ ਕੀਤੀਆਂ ਹਨ ਤੇ 6 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।ਦਿੱਲੀ ਦੇ ਕਈ ਹਿੱਸਿਆਂ ਵਿਚ ਅਜਿਹੇ ਪੋਸਟਰ ਕੰਧਾਂ ਅਤੇ ਥੰਮ੍ਹਾਂ 'ਤੇ ਚਿਪਕਾਏ ਗਏ ਸਨ, ਜਿਨ੍ਹਾਂ 'ਤੇ 'ਮੋਦੀ ਹਟਾਓ, ਦੇਸ਼ ਬਚਾਓ' ਲਿਖਿਆ ਹੋਇਆ ਸੀ।ਅਧਿਕਾਰੀਆਂ ਅਨੁਸਾਰ ਘੱਟ ਤੋਂ ਘੱਟ 2,000 ਪੋਸਟਰ ਹਟਾ ਦਿੱਤੇ ਗਏ ਸਨ ਅਤੇ ਆਈ ਪੀ ਅਸਟੇਟ 'ਚ ਉਸ ਵੇਲੇ ਏਨੀ ਹੀ ਗਿਣਤੀ 'ਚ ਵੈਨ ਵਿਚੋਂ ਪੋਸਟਰ ਜ਼ਬਤ ਕੀਤੇ ਗਏ, ਜਦੋਂ ਉਹ ਡੀ ਡੀ ਯੂ ਮਾਰਗ 'ਤੇ ਆਮ ਆਦਮੀ ਪਾਰਟੀ ਦੇ ਹੈੱਡਕੁਆਰਟਰ ਤੋਂ ਨਿਕਲ ਰਹੀ ਸੀ।ਆਮ ਆਦਮੀ ਪਾਰਟੀ ਨੇ ਟਵੀਟ ਕਰਦਿਆਂ ਕਿਹਾ ਹੈ—ਮੋਦੀ ਸਰਕਾਰ ਦੀ ਤਾਨਾਸ਼ਾਹੀ ਸਿਖਰ 'ਤੇ।ਇਸ ਪੋਸਟਰ ਵਿਚ ਅਜਿਹਾ ਕੀ ਇਤਰਾਜ਼ਯੋਗ ਹੈ ਜੋ ਇਸਨੂੰ ਲਾਉਣ 'ਤੇ ਮੋਦੀ ਜੀ ਨੇ 100 ਐੱਫ ਆਈ ਆਰ ਕਰ ਦਿੱਤੀਆਂ।ਪੀ ਐੱਮ ਮੋਦੀ, ਤੁਹਾਨੂੰ ਸ਼ਾਇਦ ਪਤਾ ਨਹੀਂ ਪਰ ਭਾਰਤ ਇਕ ਜਮਹੂਰੀ ਦੇਸ਼ ਹੈ।ਇਕ ਪੋਸਟਰ ਤੋਂ ਏਨਾ ਡਰ ਕਿਉਂ? ਖੁਦ ਨੂੰ '56 ਇੰਚ' ਦੱਸਣ ਵਾਲਾ 56 ਇੰਚ ਦੇ ਪੋਸਟਰ ਤੋਂ ਡਰ ਗਿਆ।ਪੀ ਐੱਮ ਮੋਦੀ, ਇਸ 'ਤੇ ਕਿੰਨੀਆਂ ਐੱਫ ਆਈ ਆਰ ਕਰਵਾਓਗੇ।ਹੁਣ ਤਾਂ ਹਰ ਕੋਨੇ ਤੋਂ ਆਵਾਜ਼ ਆ ਰਹੀ ਹੈ 'ਮੋਦੀ ਹਟਾਓ ਦੇਸ਼ ਬਚਾਓ'।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS,
ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



24Hrs Cuisine of India

2 Locations to Serves You

12336 Lake City Way NE, Seattle WA | 930 SE Pioneer Way Oak Harbor WA

PH:206-708-1741, 206-708-1792
www.24hrscuisineofIndia.com, www.247GourmetPizza.com

24 hrs open Cuisine of India
24/7 Gourmet Pizza



For Pizza & Desi Wraps along with Indian Cuisine

ਬਿਜਨਸ, ਕਮਰਸ਼ੀਅਲ ਅਤੇ ਡਿਵੈਲਪਮੈਂਟ ਲੈਂਡ,
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਟਰੱਕ ਸਟਾਪ ਡਿਵੈਲਪਮੈਂਟ ਸਾਈਟ ਉਪਲਬਧ ਹੈ

Truck Park, Retail, Restaurant, Gas & Mart Sites

17 years experience in Commercial and Residential real estate brokerage
Assisting in precuring loans for Land and business investments

Truck Parking Site Available

FEEL FREE TO CALL FOR CONSULTING



Gurinderjit S Purewal, MBA
Real Estate Broker
Skyline Properties Inc
50 116 Ave SE Suite 120 Bellevue Wa 98004
Ph: 206-548-9999
Direct 2067940484 Fax 2066531983
Email: GaryPurewal@icloud.com



AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ
ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ
ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special
Ask For Detail

WE ALSO DO : * NOTARY * VISA
* PASSPORT * TRANSLATION

PHONE : 253-852-1984, 253-852-1985

24 HOUR EMERGENCY SERVICE
206-370-9480

TOLL FREE :
1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM

# Health Professionals Institute is a trusted institution excelling in providing CNA and home health courses in Washington State

HEALTH PROFESSIONALS HPI INSTITUTE



## Health Professionals Institute is truly delivering CNA classes come learn and get a job through our Dependable taffing Agency

### Courses

- *Certified Nursing Assistant*
- *Phlebotomy Technician*
- *EKG Technician*
- *Home Care Aid*
- *Continuing Education*
- *Medical Assitant*
- *Medication Assistant Endorsement*
- *Nursing Assistant Bridge from MA or HCA*
- *Specialty Courses*

## ਅਸੀਂ ਪੰਜਾਬੀ ਹਿੰਦੀ ਤੇ ਅੰਗਰੇਜੀ ਵਿੱਚ ਪੜ੍ਹਾਉਂਦੇ ਹਾਂ

### ਅਸੀਂ ਹੇਠ ਲਿਖੇ ਕੋਰਸ ਕਰਵਾਉਂਦੇ ਹਾਂ

*ਸਰਟੀਫਾਇਡ ਨਰਸਿੰਗ ਅਸਿਸਟੈਂਟ

*Phlebotomy ਟੈਕਨੀਸ਼ੀਅਨ

*ਈਕੇਜੀ ਟੈਕਨੀਸ਼ੀਅਨ

*ਹੋਮ ਕੇਅਰ ਏਡ (ਪੰਜਾਬੀ, ਹਿੰਦੀ, ਅੰਗਰੇਜੀ)

*ਕਨਟੀਨਿਊਇੰਗ ਐਜੂਕੇਸ਼ਨ

*ਮੈਡੀਕਲ ਅਸਿਸਟੈਂਟ

*ਮੈਡੀਕਲ ਅਸਿਸਟੈਂਟ ਇਨਡੋਰਸਮੈਂਟ

*ਨਰਸਿੰਗ ਅਸਿਸਟੈਂਟ ਬਰਿਜ ਫਰੋਮ ਐਮਏ ਜਾਂ ਐਚਸੀਏ

*ਸਪੈਸ਼ਲਟੀ ਕੋਰਸਿਸ

START YOUR FUTURE IN A WEEK!

ਅਸੀਂ ਸਟੇਟ ਇਮਤਿਹਾਨ ਵਿਚ ਤੁਹਾਡੀ ਮੱਦਦ ਕਰਾਂਗੇ






**ENROLL TODAY!**
**$50 OFF ANY CLASS**

253-252-3956

33305 1st Way South B100 Federal Way, WA 98003

customerservice@healthprofessionalsinstitute.com

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Personal Injury
- Car Accidents
- Real Estate
- Evictions
- Probate
- Wills & Trusts
- General Litigation

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਪ੍ਰਸਨਲ ਇਨਜਰੀ
-ਕਾਰ ਐਕਸੀਡੈਂਟ
-ਰੀਅਲ ਅਸਟੇਟ
-ਕਿਰਾਏਦਾਰ ਕੱਢਣਾ
_ਪ੍ਰੋਬੇਟ
-ਵਸੀਅਤ ਅਤੇ ਟਰੱਸਟ
-ਆਮ ਮੁਕੱਦਮਾ

Website:multanilawgroup.com Email:Jashan@multanilawgroup.com

*Add: 648 S 152nd St, Suite 7, Burien, WA 98148*

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

**FLY to DELHI with "UNITED AIRLINES"**
**Flights from Seattle to Delhi**

**Lowest Fare Guaranteed** **We Represent All Major Airlines**



*Limited Seats

## United Airlines Special

Daily flights from Seattle to Delhi

United Airlines ਵੱਲੋਂ
ਫਲਾਈਟ ਹਰ ਰੋਜ਼ ਸਿਆਟਲ ਤੋਂ ਦਿੱਲੀ ਜਾਵੇਗੀ




**24 Hr Emergency**
**Call Amit Juneja: 206-992-2724**



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889


Email: info@usatravelguru.com
Website: www.usatravelguru.com

## We will beat any fare given in Kent/Seattle Area by Any Travel Agency

## India Specials

- Get Overseas Citizenship of India
- Power of Attorney, Affidavits, Passports, Renunciations
- OCI · Notary Public · Translation - Hindi / Punjabi
- Uk & India Online Visa Available

- ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ ਲਵੋ
- ਮੁਖਤਿਆਰਨਾਮਾ, ਐਫੀਡੈਵਿਟ, ਪਾਸਪੋਰਟ, ਓ.ਸੀ.ਆਈ.
- ਨੋਟਰੀ ਪਬਲਿਕ • ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ




Take out and delivery 7 days a week

Lunch Buffet: 11am-3pm
Dinner: 5pm-10pm

The Only True Punjabi (Indian) Vegetarian In Renton

← New Pabla Ready To Eat Frozen Cuisine Available →

Renton Location has Full Grocery Store & Sweet Shop
East Indian Spices, Dairy Products,
Fresh Vegetables, Fruits and Sweets in Renton Location

www.pablacuisine.com • pabla@pablacuisine.com

ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਫਲ-ਫਰੂਟ, ਸਬਜ਼ੀਆਂ ਅਤੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625 Fax: 425-228-4629

Serving Washington for 25 years.

www.pablacuisine.com pabla@pablacuisine.com



*ਸੇਲ * ਸੇਲ * ਸੇਲ *ਸੇਲ * ਸੇਲ * ਸੇਲ

# SEATAC MARKET & SMOKESHOP

INDIAN BAZAR 206-453-5830

We send money to India & All around the World

Ria MoneyGram

Swarn Duram Atta
ਸਵਰਨ ਡਰਹਮ ਦਾ ਆਟਾ
$6.99 20 lbs

Hathi Brand Chakki Atta Whole Wheat
ਹਾਥੀ ਬਰੈਂਡ ਚੱਕੀ ਆਟਾ ਹੋਲਵੀਟ
$10.99 20 lbs

Red Rose Tea
ਰੈਡ ਰੋਜ਼ ਟੀਅ
Each $5.99 2 lbs

Loose Dals
Urad Whole/Moong Whole /Kala Chana
ਖੁਲ੍ਹੀਆਂ ਦਾਲਾਂ
ਉੜਦ ਹੋਲ/ਮੂੰਗ ਹੋਲ/ਕਾਲਾ ਚਨਾ
$1 off 4 lbs

Meat -Goat Meat
$6.99 1 lbs

All Mopleez Bhujia 5.3oz.
Special $1.00 Now

All kinds of Cookies
Each $7.99 2.5 lbs

We Sell All Kinds Of Sweets Cheaper Than Everyone

We Sell Goat Meat & Lamb Meat

16256,military R.d, #112, Seatac WA 98188
Front on the Dominos Pizza, Opp safeway Grocery Store



# THIND VIDEO & DJ

Hi-definition, video making and photographic services.

* 15 Years Experience * Only One Reliable Name In Seattle area
* Double Screen * DVD System Big Screen * DJ & Photography

*15 ਸਾਲ ਦਾ ਤਜਰਬਾ
*ਕੈਲੀਫੋਰਨੀਆਂ ਤੱਕ ਪ੍ਰਸਿੱਧ
*ਸਿਆਟਲ ਇਲਾਕੇ ਦਾ ਇਕੋ ਜਾਣਿਆ ਪਹਿਚਾਣਿਆ
*ਸਕਰੀਨ, ਡਬਲ ਕੈਮਰਾ, ਡੀ.ਵੀ.ਡੀ ਸਿਸਟਮ ਆਦਿ

KULJIT SINGH
206-391-7453

thinddjvideo@gmail.com



ਵਿਆਹ, ਸ਼ਾਦੀ, ਅੰਗੇਜਮੈਂਟ, ਬਰਥਡੇ ਜ਼ਾਂ ਕਿਸੇ ਵੀ ਖਾਸ ਮੌਕੇ ਦੀ ਵਧੀਆ ਤੇ ਸਸਤੀ ਵਿਡੀਓ ਬਨਵਾਉਣ ਲਈ ਅੱਜ ਹੀ ਕਾਲ ਕਰੋ।

# Bollywood Video, Photo & D.J

Multi Camera, Pre-Wedding Recording & Digital Album

• For all your wedding, video & photography needs.
• One or two day package at affordable prices
• Seattle, WA. Area's most modern equipments
• Your satisfaction guaranteed ਤੁਹਾਡੀ ਤੱਸਲੀ ਦੀ ਗਾਰੰਟੀ

206-769-9666 or 206-363-2040 Bollywoodstyledj@yahoo.com



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com




Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

